# ਕੈਂਟ ਛੋਟੇ ਕਾਰੋਬਾਰ ਲਈ ਆਪਾਤਕਾਲੀਨ ਰਾਹਤ ਗ੍ਰਾਂਟ

## ਸੰਘੀ ਨਿਯਮ ਅਤੇ ਸ਼ਰਤਾਂ

## ਸਿਹਤ ਅਤੇ ਮਨੁੱਖੀ ਸੇਵਾਵਾਂ

ਜਿਵੇਂ ਲਾਗੂ ਹੁੰਦਾ ਹੈ (ਖ਼ਾਸ ਕਰਕੇ ਕੋਰੋਨਾਵਾਇਰਸ ਰਾਹਤ ਫੰਡਾਂ ਜਾਂ ਜਨਤਕ ਸਿਹਤ ਫੰਡਾਂ ਨਾਲ ਫੰਡ ਕੀਤੇ ਕਿਸੇ ਖਰਚੇ ਸਮੇਤ), ਠੇਕੇਦਾਰ ਜਾਂ ਪ੍ਰਾਪਤਕਰਤਾ (ਇੱਥੇ ਹਰੇਕ ਨੂੰ "ਠੇਕੇਦਾਰ" ਕਿਹਾ ਗਿਆ ਹੈ) ਯੂਨੀਫਾਰਮ ਐਡਮਨਿਸਟ੍ਰੇਸ਼ਨਲ ਜ਼ਰੂਰਤਾਂ, ਮੁੱਖ ਖਰਚੇ, ਅਤੇ HHS ਅਵਾਰਡਾਂ ਲਈ ਲੇਖਾ-ਪੜਤਾਲ ਲੋੜਾਂ ਦੀ ਪਾਲਣਾ ਕਰਦਾ ਹੈ ਜਿਵੇਂ ਕਿ 26 ਦਸੰਬਰ, 2014 ਨੂੰ ਲਾਗੂ ਹੋਣ ਵਾਲੇ 45 CFR ਭਾਗ 75, HHS ਗ੍ਰਾਂਟਾਂ ਪਾਲਿਸੀ ਸਟੇਟਮੈਂਟ, ਅਤੇ ਹੇਠਾਂ ਇਕਰਾਰਨਾਮੇ ਦੀਆਂ ਵਿਵਸਥਾਵਾਂ ਵਿੱਚ ਵਿਧਿਬੱਧ ਕੀਤਾ ਗਿਆ ਹੈ।

1. <u>ਕਾਰਜਕਾਰੀ ਤਨਖਾਹ</u>

ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਦੀ ਵਰਤੋਂ ਗ੍ਰਾਂਟ ਜਾਂ ਹੋਰ ਬਾਹਰੀ ਵਿਧੀ ਰਾਹੀਂ, ਕਾਰਜਕਾਰੀ ਪੱਧਰ II ਤੋਂ ਵੱਧ ਦੀ ਦਰ ਨਾਲ ਕਿਸੇ ਵੀ ਵਿਅਕਤੀ ਦੀ ਤਨਖਾਹ ਦੇਣ ਲਈ ਨਹੀਂ ਕੀਤੀ ਜਾਵੇਗੀ। (ਸੈਕਸ਼ਨ 202)

2. <u>ਗਨ ਕੰਟ੍ਰੋਲ ਏਡਵੋਕੇਸੀ (ਬੰਦੂਕ ਨਿਯੰਤ੍ਰਨ ਦੀ ਵਕਾਲਤ)</u>

ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਵਿਚੋਂ ਕਿਸੇ ਨੂੰ ਵੀ ਪੂਰੀ ਤਰ੍ਹਾਂ ਜਾਂ ਕੁਝ ਹੱਦ ਤੱਕ ਬੰਦੂਕ ਨਿਯੰਤ੍ਰਨ ਦੀ ਵਕਾਲਤ ਕਰਨ ਜਾਂ ਇਸ ਨੂੰ ਉਤਸ਼ਾਹਤ ਕਰਨ ਲਈ ਨਹੀਂ ਵਰਤਿਆ ਜਾ ਸਕਦਾ। (ਸੈਕਸ਼ਨ 210)

3. <u>ਲਾਬਿੰਗ (ਪ੍ਰਚਾਰ ਕਰਨਾ)</u>

(a) ਠੇਕੇਦਾਰ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਦੀ ਵਰਤੋਂ ਆਮ ਅਤੇ ਮਾਨਤਾ ਪ੍ਰਾਪਤ ਕਾਰਜਕਾਰੀ-ਵਿਧਾਨਕ ਸੰਬੰਧਾਂ ਤੋਂ ਇਲਾਵਾ, ਪ੍ਰਚਾਰ ਜਾਂ ਪ੍ਰਚਾਰ ਦੇ ਉਦੇਸ਼ਾਂ ਲਈ, ਕਿਸੇ ਵੀ ਤਿਆਰੀ ਲਈ, ਵਿਤਰਣ ਲਈ, ਜਾਂ ਕਿਸੇ ਕਿੱਟ, ਪੈਂਫਲੈੱਟ, ਕਿਤਾਬਚੇ, ਪ੍ਰਕਾਸ਼ਨ, ਇਲੈਕਟ੍ਰਾਨਿਕ ਸੰਚਾਰ, ਰੇਡੀਓ, ਟੈਲੀਵੀਯਨ, ਜਾਂ ਵੀਡੀਓ ਪੇਸ਼ਕਾਰੀ ਦੀ ਵਰਤੋਂ ਲਈ ਨਹੀਂ ਕੀਤੀ ਜਾਵੇਗੀ ਜਿਨ੍ਹਾਂ ਨੂੰ ਕਾਂਗਰਸ ਜਾਂ ਕਿਸੇ ਵੀ ਰਾਜ ਜਾਂ ਸਥਾਨਕ ਵਿਧਾਨ ਸਭਾ ਜਾਂ ਵਿਧਾਨ ਸਭਾ ਸੰਸਥਾ ਦੇ ਸਾਹਮਣੇ ਕਾਨੂੰਨ ਨੂੰ ਸਹਿਯੋਗ ਦੇਣ ਜਾਂ ਹਰਾਉਣ ਲਈ ਤਿਆਰ ਕੀਤਾ ਗਿਆ ਹੋਵੇ, ਸਿਵਾਏ ਕਾਂਗਰਸ ਜਾਂ ਕਿਸੇ ਵੀ ਰਾਜ ਜਾਂ ਖੁਦ ਸਥਾਨਕ ਵਿਧਾਨ ਸਭਾ ਲਈ ਕੀਤੀ ਪੇਸ਼ਕਾਰੀ ਤੋਂ ਇਲਾਵਾ, ਜਾਂ ਜਿਸਨੂੰ ਕਿਸੇ ਵੀ ਰਾਜ ਜਾਂ ਸਥਾਨਕ ਸਰਕਾਰ ਦੀ ਕਾਰਜਕਾਰੀ ਸ਼ਾਖਾ ਦੁਆਰਾ ਜਾਰੀ ਕੀਤੇ ਕਿਸੇ ਪ੍ਰਸਤਾਵਿਤ ਜਾਂ ਬਕਾਇਆ ਨਿਯਮ, ਪ੍ਰਸ਼ਾਸਨਿਕ ਕਾਰਵਾਈ, ਜਾਂ ਆਰਡਰ ਨੂੰ ਸਮਰਥਨ ਦੇਣ ਜਾਂ ਹਰਾਉਣ ਲਈ ਤਿਆਰ ਕੀਤਾ ਗਿਆ ਹੈ, ਸਿਵਾਏ ਕਿਸੇ ਰਾਜ ਜਾਂ ਖੁਦ ਸਥਾਨਕ ਸਰਕਾਰ ਦੀ ਕਾਰਜਕਾਰੀ ਸ਼ਾਖਾ ਨੂੰ ਪੇਸ਼ ਕਰਨ ਤੋਂ ਇਲਾਵਾ।

(b) ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਨੂੰ ਕੋਈ ਵੀ ਗ੍ਰਾਂਟ ਜਾਂ ਇਕਰਾਰਨਾਮਾ ਪ੍ਰਾਪਤ ਕਰਨ ਵਾਲੇ ਦੀ, ਜਾਂ ਅਜਿਹੇ ਏਜੰਟ ਦੀ ਤਨਖਾਹ ਜਾਂ ਖਰਚਾ ਅਦਾ ਕਰਨ ਲਈ ਨਹੀਂ ਵਰਤਿਆ ਜਾਵੇਗਾ ਜੋ ਅਜਿਹੇ ਪ੍ਰਾਪਤਕਰਤਾ ਲਈ ਕੰਮ ਕਰ ਰਿਹਾ ਹੈ, ਜੋ ਕਾਨੂੰਨ, ਨਿਰਧਾਰਣ, ਨਿਯਮ, ਪ੍ਰਬੰਧਕੀ ਕਾਰਵਾਈ, ਜਾਂ ਅਜਿਹੇ ਕਾਰਜਕਾਰੀ ਆਦੇਸ਼ ਦੀ ਕਾਰਵਾਈ ਨੂੰ ਪ੍ਰਭਾਵਤ ਕਰਨ ਲਈ ਬਣਾਈ ਗਈ ਕਿਸੇ ਵੀ ਗਤੀਵਿਧੀ ਨਾਲ ਸੰਬੰਧਿਤ ਹੈ ਜੋ ਕਾਂਗਰਸ ਜਾਂ ਕਿਸੇ ਵੀ ਰਾਜ

ਸਰਕਾਰ, ਰਾਜ ਵਿਧਾਨ ਸਭਾ ਜਾਂ ਸਥਾਨਕ ਵਿਧਾਨ ਸਭਾ ਜਾਂ ਵਿਧਾਨ ਸਭਾ ਸੰਸਥਾ ਦੇ ਸਾਹਮਣੇ ਪ੍ਰਸਤਾਵਿਤ ਜਾਂ ਵਿਚਾਰ ਅਧੀਨ ਹੈ, ਉਸ ਸਰਕਾਰ ਦੀ ਕਾਰਜਕਾਰੀ ਸ਼ਾਖਾ ਦੇ ਅੰਦਰ ਆਮ ਅਤੇ ਮਾਨਤਾ ਪ੍ਰਾਪਤ ਕਾਰਜਕਾਰੀ-ਵਿਧਾਨਕ ਸੰਬੰਧ ਜਾਂ ਨੀਤੀ ਨਿਰਮਾਣ ਅਤੇ ਪ੍ਰਸ਼ਾਸਕੀ ਪ੍ਰਕਿਰਿਆਵਾਂ ਵਿੱਚ ਕਿਸੇ ਰਾਜ, ਸਥਾਨਕ ਜਾਂ ਕਬੀਲੇ ਦੀ ਸਰਕਾਰ ਦੀ ਕਿਸੇ ਏਜੰਸੀ ਜਾਂ ਅਧਿਕਾਰੀ ਦੁਆਰਾ ਭਾਗੀਦਾਰੀ ਤੋਂ ਇਲਾਵਾ।

(c) ਉਪ-ਧਾਰਾਵਾਂ (a) ਅਤੇ (b) ਦੀਆਂ ਮਨਾਹੀਆਂ ਵਿੱਚ ਕਿਸੇ ਵੀ ਪ੍ਰਸਤਾਵਿਤ, ਬਕਾਇਆ ਜਾਂ ਭਵਿੱਖ ਦੇ ਸੰਘੀ, ਰਾਜ ਜਾਂ ਸਥਾਨਕ ਟੈਕਸ ਵਾਧੇ, ਜਾਂ ਕਿਸੇ ਪ੍ਰਸਤਾਵਿਤ, ਬਕਾਇਆ, ਜਾਂ ਭਵਿੱਖ ਦੀ ਜ਼ਰੂਰਤ ਜਾਂ ਕਿਸੇ ਕਾਨੂੰਨੀ ਉਪਭੋਗਤਾ ਉਤਪਾਦ ਤੇ ਪਾਬੰਦੀ ਦੀ ਵਕਾਲਤ ਕਰਨ ਜਾਂ ਇਸ ਨੂੰ ਉਤਸ਼ਾਹਤ ਕਰਨ ਲਈ ਕੋਈ ਵੀ ਗਤੀਵਿਧੀ ਸ਼ਾਮਲ ਹੋ ਸਕਦੀ ਹੈ, ਜਿਸ ਵਿੱਚ ਇਸ ਦੀ ਵਿਕਰੀ ਜਾਂ ਮਾਰਕੀਟਿੰਗ ਸ਼ਾਮਿਲ ਹੈ, ਬੰਦੂਕ ਨਿਯੰਤਰਨ ਦੀ ਵਕਾਲਤ ਜਾਂ ਤਰੱਕੀ ਸਮੇਤ ਪਰ ਇਹ ਇਸ ਤੱਕ ਸੀਮਿਤ ਨਹੀਂ ਹੈ। (ਸੈਕਸ਼ਨ 503)

4. ਗਰਭਪਾਤ

(a) ਠੇਕੇਦਾਰ ਸਹਿਮਤ ਹੈ ਕਿ ਇਸ ਇਕਰਾਰਨਾਮੇ ਦੁਆਰਾ ਅਦਾ ਕੀਤੇ ਗਏ ਫੰਡਾਂ ਵਿਚੋਂ ਕੋਈ ਵੀ, ਅਤੇ ਇਸ ਇਕਰਾਰਨਾਮੇ ਦੁਆਰਾ ਅਦਾ ਕੀਤੇ ਕਿਸੇ ਵੀ ਟਰੱਸਟ ਫੰਡ ਵਿੱਚ ਕੋਈ ਵੀ ਫੰਡ ਕਿਸੇ ਵੀ ਗਰਭਪਾਤ ਲਈ ਖਰਚ ਨਹੀਂ ਕੀਤਾ ਜਾਵੇਗਾ।

(b) ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਦੁਆਰਾ ਅਦਾ ਕੀਤੇ ਗਏ ਫੰਡਾਂ ਵਿਚੋਂ ਕੋਈ ਵੀ, ਅਤੇ ਇਸ ਇਕਰਾਰਨਾਮੇ ਦੁਆਰਾ ਅਦਾ ਕੀਤੇ ਕਿਸੇ ਵੀ ਟਰੱਸਟ ਫੰਡ ਵਿੱਚ ਕੋਈ ਵੀ ਫੰਡ ਸਿਹਤ ਲਾਭਾਂ ਲਈ ਨਹੀਂ ਖਰਚਿਆ ਜਾਵੇਗਾ ਜਿਸ ਵਿੱਚ ਗਰਭਪਾਤ ਦੀ ਕਵਰੇਜ ਸ਼ਾਮਲ ਹੈ।

(c) ਸ਼ਬਦ "ਸਿਹਤ ਲਾਭ ਕਵਰੇਜ" ਦਾ ਅਰਥ ਕਿਸੇ ਇਕਰਾਰਨਾਮੇ ਜਾਂ ਹੋਰ ਵਿਵਸਥਾ ਦੇ ਅਨੁਸਾਰ ਪ੍ਰਬੰਧਿਤ ਦੇਖਭਾਲ ਪ੍ਰਦਾਤਾ ਜਾਂ ਸੰਗਠਨ ਦੁਆਰਾ ਕਵਰ ਕੀਤੀਆਂ ਸੇਵਾਵਾਂ ਦੇ ਪੈਕੇਜ ਤੋਂ ਹੈ। (ਸੈਕਸ਼ਨ 506)

5. ਗਰਭਪਾਤ ਫੰਡਿੰਗ ਪਾਬੰਧੀਆਂ ਦੀਆਂ ਸੀਮਾਵਾਂ

(a) ਪਿਛਲੇ ਭਾਗ ਵਿੱਚ ਸਥਾਪਤ ਸੀਮਾਵਾਂ ਉਸ ਸਮੇਂ ਗਰਭਪਾਤ ਉੱਤੇ ਲਾਗੂ ਨਹੀਂ ਹੋਣਗੀਆਂ—

(1) ਜੇਕਰ ਗਰਭ ਅਵਸਥਾ ਬਲਾਤਕਾਰ ਜਾਂ ਵਿਭਚਾਰ (ਅਨਾਚਾਰ) ਦਾ ਨਤੀਜਾ ਹੈ; ਜਾਂ

(2) ਜੇਕਰ ਇੱਕ ਔਰਤ ਸਰੀਰਕ ਵਿਗਾੜ, ਸਰੀਰਕ ਸੱਟ ਜਾਂ ਸਰੀਰਕ ਬਿਮਾਰੀ ਤੋਂ ਪੀੜਤ ਹੁੰਦੀ ਹੈ, ਜਿਸ ਵਿੱਚ ਗਰਭ ਅਵਸਥਾ ਦੁਆਰਾ ਪੈਦਾ ਹੋਣ ਵਾਲੀ ਇੱਕ ਜਾਨਲੇਵਾ ਸਰੀਰਕ ਸਥਿਤੀ ਵੀ ਸ਼ਾਮਲ ਹੈ, ਜੋ ਕਿ ਕਿਸੇ ਚਿਕਿਤਸਕ ਦੁਆਰਾ ਪ੍ਰਮਾਣਿਤ ਕੀਤੀ ਜਾਂਦੀ ਹੈ, ਅਤੇ ਜੋ ਗਰਭਪਾਤ ਨਾ ਕਰਨ ਦੀ ਸੂਰਤ ਵਿੱਚ ਔਰਤ ਨੂੰ ਮੌਤ ਦੇ ਖਤਰੇ ਵਿੱਚ ਪਾਉਂਦੀ ਹੈ।

(b) ਪਿਛਲੇ ਭਾਗ ਵਿੱਚ ਕਿਸੇ ਵੀ ਚੀਜ਼ ਨੂੰ ਕਿਸੇ ਰਾਜ, ਇਲਾਕੇ, ਇਕਾਈ, ਜਾਂ ਰਾਜ ਦੇ ਨਿੱਜੀ ਵਿਅਕਤੀ, ਸਥਾਨਕ ਜਾਂ ਨਿਜੀ ਫੰਡਾਂ (ਕਿਸੇ ਰਾਜ ਦੇ ਜਾਂ ਇਲਾਕੇ ਦੇ Medicaid ਨਾਲ ਮਿਲਦੇ ਫੰਡਾਂ ਦੇ ਯੋਗਦਾਨ ਤੋਂ ਇਲਾਵਾ) ਦੁਆਰਾ ਖਰਚਿਆਂ ਉੱਤੇ ਪਾਬੰਧੀ ਲਗਾਉਣ ਦੇ ਤੌਰ ਤੇ ਨਹੀਂ ਮੰਨਿਆ ਜਾਏਗਾ।

(c) ਪਿਛਲੇ ਭਾਗ ਵਿੱਚ ਕਿਸੇ ਵੀ ਚੀਜ਼ ਨੂੰ ਪ੍ਰਬੰਧਿਤ ਦੇਖਭਾਲ ਪ੍ਰਦਾਤਾ ਦੀ ਗਰਭਪਾਤ ਕਵਰੇਜ ਦੀ ਪੇਸ਼ਕਸ਼ ਜਾਂ ਕਿਸੇ ਰਾਜ ਜਾਂ ਇਲਾਕੇ ਦੀ ਯੋਗਤਾ ਨੂੰ ਅਜਿਹੇ ਪ੍ਰਦਾਤਾ ਨਾਲ ਸਟੇਟ ਫੰਡਾਂ ਦੇ ਨਾਲ ਅਜਿਹੀ ਕਵਰੇਜ ਲਈ ਵੱਖਰੇ ਤੌਰ 'ਤੇ ਇਕਰਾਰਨਾਮਾ ਕਰਨ ਦੀ ਸਮਰੱਥਾ ਉੱਤੇ ਰੋਕ ਲਗਾਉਣ ਦੇ ਤੌਰ ਤੇ ਨਹੀਂ ਮੰਨਿਆ ਜਾਏਗਾ (ਕਿਸੇ ਰਾਜ ਦੇ ਜਾਂ ਇਲਾਕੇ ਦੇ Medicaid ਨਾਲ ਮਿਲਦੇ ਫੰਡਾਂ ਦੇ ਯੋਗਦਾਨ ਤੋਂ ਇਲਾਵਾ)।

(d)(1) ਠੇਕੇਦਾਰ ਸਹਿਮਤ ਹੈ ਕਿ ਉਹ ਕਿਸੇ ਵੀ ਸੰਸਥਾਗਤ ਜਾਂ ਵਿਅਕਤੀਗਤ ਸਿਹਤ ਦੇਖਭਾਲ ਸੰਸਥਾ ਨਾਲ ਇਸ ਅਧਾਰ ਤੇ ਵਿਤਕਰਾ ਨਹੀਂ ਕਰੇਗਾ ਕਿ ਸਿਹਤ ਦੇਖਭਾਲ ਪ੍ਰਦਾਨ ਕਰਨ ਵਾਲੀ ਸੰਸਥਾ ਗਰਭਪਾਤ ਨਹੀਂ ਕਰਵਾਉਂਦੀ, ਅਦਾਇਗੀ ਨਹੀਂ ਕਰਦੀ, ਕਵਰੇਜ ਪ੍ਰਦਾਨ ਨਹੀਂ ਕਰਦੀ ਜਾਂ ਹਵਾਲਾ ਨਹੀਂ ਦਿੰਦੀ।

(2) ਇਸ ਉਪ-ਭਾਗ ਵਿੱਚ, "ਸਿਹਤ ਦੇਖਭਾਲ ਪ੍ਰਦਾਨ ਕਰਨ ਵਾਲੀ ਸੰਸਥਾ" ਸ਼ਬਦ ਵਿੱਚ ਇੱਕ ਵਿਅਕਤੀਗਤ ਡਾਕਟਰ ਜਾਂ ਹੋਰ ਸਿਹਤ ਦੇਖਭਾਲ ਪੇਸ਼ੇਵਰ, ਇੱਕ ਹਸਪਤਾਲ, ਇੱਕ ਪ੍ਰਦਾਤਾ ਦੁਆਰਾ ਸਪਾਂਸਰ ਕੀਤਾ ਸੰਗਠਨ, ਇੱਕ ਸਿਹਤ ਸੰਭਾਲ ਸੰਸਥਾ, ਇੱਕ ਸਿਹਤ ਬੀਮਾ ਯੋਜਨਾ, ਜਾਂ ਕਿਸੇ ਹੋਰ ਕਿਸਮ ਦੀ ਸਿਹਤ ਦੇਖਭਾਲ ਸਹੂਲਤ, ਸੰਗਠਨ, ਜਾਂ ਯੋਜਨਾ ਸ਼ਾਮਲ ਹੈ। (ਸੈਕਸ਼ਨ 507)

6. <u>ਭਰੂਣ ਖੋਜ</u>

(a) ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਵਿਚੋਂ ਕਿਸੇ ਨੂੰ ਵੀ ਇਸ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ ਹੈ—

(1) ਖੋਜ ਦੇ ਉਦੇਸ਼ਾਂ ਲਈ ਮਨੁੱਖੀ ਭਰੂਣ ਜਾਂ ਭਰੂਣਾਂ ਦੀ ਸਿਰਜਣਾ ਕਰਨ ਲਈ; ਜਾਂ

(2) ਅਜਿਹੀ ਖੋਜ ਲਈ ਜਿਸ ਵਿੱਚ ਇੱਕ ਮਨੁੱਖੀ ਭਰੂਣ ਨਸ਼ਟ ਹੋ ਜਾਂਦੇ ਹਨ, ਤਿਆਗ ਦਿੱਤੇ ਜਾਂਦੇ ਹਨ, ਜਾਂ ਸੰਭਾਵੀ ਤੌਰ ਤੇ ਸੱਟ ਜਾਂ ਮੌਤ ਦੇ ਉਸ ਤੋਂ ਜ਼ਿਆਦਾ ਜੋਖਮ ਵਿੱਚ ਹੁੰਦੇ ਹਨ ਜਿਸ ਦੀ ਜਨਤਕ ਸਿਹਤ ਸੇਵਾ ਦੀ ਧਾਰਾ (42 U.S.C. 289g(b)) 45 CFR 46.204(b) ਅਤੇ ਸੈਕਸ਼ਨ 498(b) ਅਧੀਨ ਗਰਭਾਸ਼ਯ ਵਿੱਚ ਭਰੂਣ ਬਾਰੇ ਖੋਜ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ।

(b) ਇਸ ਸੈਕਸ਼ਨ ਦੇ ਉਦੇਸ਼ਾਂ ਲਈ, "ਮਨੁੱਖੀ ਭਰੂਣ" ਸ਼ਬਦ ਵਿੱਚ ਕੋਈ ਵੀ ਜੀਵ ਸ਼ਾਮਲ ਹੁੰਦਾ ਹੈ, ਜਿਸਨੂੰ 20 ਦਸੰਬਰ, 2019 ਅਨੁਸਾਰ 45 CFR 46 ਦੇ ਅਧੀਨ ਮਨੁੱਖੀ ਵਿਸ਼ੇ ਵਜੋਂ ਸੁਰੱਖਿਅਤ ਨਹੀਂ ਕੀਤਾ ਗਿਆ, ਜਿਸਨੂੰ ਇੱਕ ਜਾਂ ਵਧੇਰੇ ਮਨੁੱਖੀ ਗੇਮੈਟਸ ਜਾਂ ਮਨੁੱਖੀ ਡਿਪਲੋਇਡ ਸੈੱਲਾਂ ਤੋਂ ਉਰਵਰਨ, ਪਾਰਥੀਨੋਜੀਨੇਸਿਸ, ਕਲੋਨਿੰਗ ਜਾਂ ਕਿਸੇ ਹੋਰ ਸਾਧਨਾਂ ਦੇ ਮਾਧਿਅਮ ਨਾਲ ਲਿਆ ਗਿਆ ਹੈ। (ਸੈਕਸ਼ਨ 508)

7. <u>ਨਿਯੰਤਰਿਤ ਪਦਾਰਥਾਂ ਦੇ ਕਾਨੂੰਨੀਕਰਨ ਦਾ ਪ੍ਰਚਾਰ</u>

(a) ਠੇਕੇਦਾਰ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਭੁਗਤਾਨ ਕੀਤੇ ਗਏ ਫੰਡਾਂ ਵਿਚੋਂ ਕਿਸੇ ਨੂੰ ਵੀ ਕਿਸੇ ਅਜਿਹੀ ਗਤੀਵਿਧੀ ਲਈ ਨਹੀਂ ਵਰਤਿਆ ਜਾ ਸਕਦਾ ਹੈ ਜੋ ਨਿਯੰਤਰਿਤ ਪਦਾਰਥ ਐਕਟ ਦੀ ਧਾਰਾ 202 ਦੁਆਰਾ ਸਥਾਪਤ ਨਿਯੰਤਰਿਤ ਪਦਾਰਥਾਂ ਦੇ ਕਾਰਜਕ੍ਰਮ ਦੇ ਸ਼ਡਿਊਲ I ਵਿੱਚ ਸ਼ਾਮਲ ਕਿਸੇ ਵੀ ਦਵਾਈ ਜਾਂ ਹੋਰ ਪਦਾਰਥ ਦੇ ਕਾਨੂੰਨੀਕਰਨ ਨੂੰ ਉਤਸ਼ਾਹਤ ਕਰਦੀ ਹੋਵੇ, ਸਿਵਾਏ ਸਧਾਰਣ ਅਤੇ ਮਾਨਤਾ ਪ੍ਰਾਪਤ ਕਾਰਜਕਾਰੀ-ਕਾਂਗ੍ਰੇਸ ਸਬੰਧੀ ਸੰਚਾਰ ਤੋਂ ਇਲਾਵਾ।

(b) ਉਪ-ਭਾਗ (a) ਵਿੱਚ ਸੀਮਾ ਉਸ ਸਮੇਂ ਲਾਗੂ ਨਹੀਂ ਹੋਵੇਗੀ ਜਦੋਂ ਇਸ ਤਰ੍ਹਾਂ ਦੀਆਂ ਦਵਾਈਆਂ ਜਾਂ ਹੋਰ ਪਦਾਰਥਾਂ ਲਈ ਉਪਚਾਰ ਸੰਬੰਧੀ ਲਾਭ ਦੇ ਮਹੱਤਵਪੂਰਣ ਡਾਕਟਰੀ ਪ੍ਰਮਾਣ ਮੌਜੂਦ ਹੋਣ ਜਾਂ ਅਜਿਹੀਆਂ ਦਵਾਈਆਂ ਜਾਂ ਸੰਘ ਦੁਆਰਾ ਪ੍ਰਯੋਜਿਤ ਕਲੀਨਿਕਲ ਅਜ਼ਮਾਇਸ਼ਾਂ ਇਲਾਜ ਦੇ ਲਾਭ ਨੂੰ ਨਿਰਧਾਰਤ ਕਰਨ ਲਈ ਕੀਤੀਆਂ ਜਾਂਦੀਆਂ ਹੋਣ। (ਸੈਕਸ਼ਨ 509)

8. <u>ਜਾਣ-ਬੁੱਝਕੇ ਝੂਠੀ ਜਾਣਕਾਰੀ ਦਾ ਵਿਤਰਣ ਕਰਨਾ</u>

ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਵਿਚੋਂ ਕਿਸੇ ਨੂੰ ਵੀ ਅਜਿਹੀ ਜਾਣਕਾਰੀ ਨੂੰ ਫੈਲਾਉਣ ਲਈ ਨਹੀਂ ਵਰਤਿਆ ਜਾ ਸਕਦਾ ਹੈ ਜੋ ਜਾਣ-ਬੁੱਝ ਕੇ ਗਲਤ ਜਾਂ ਗੁੰਮਰਾਹਕੁੰਨ ਹੋਵੇ। (ਸੈਕਸ਼ਨ 515(b))

9. <u>ਪੋਰਨੋਗ੍ਰਾਫੀ (ਅਸ਼ਲੀਲ ਤਸਵੀਰਾਂ)</u>

(a) ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਵਿਚੋਂ ਕਿਸੇ ਨੂੰ ਵੀ ਕੰਪਿਊਟਰ ਨੈਟਵਰਕ ਨੂੰ ਬਣਾਈ ਰੱਖਣ ਜਾਂ ਸਥਾਪਤ ਕਰਨ ਲਈ ਨਹੀਂ ਵਰਤਿਆ ਜਾ ਸਕਦਾ ਜਦੋਂ ਤੱਕ ਕਿ ਇਹ ਨੈਟਵਰਕ ਅਸ਼ਲੀਲ ਤਸਵੀਰਾਂ ਨੂੰ ਵੇਖਣ, ਡਾਊਨਲੋਡ ਕਰਨ ਅਤੇ ਆਦਾਨ-ਪ੍ਰਦਾਨ ਕਰਨ ਨੂੰ ਨਹੀਂ ਰੋਕਦਾ।

(b) ਉਪ-ਭਾਗ (a) ਵਿੱਚ ਕੋਈ ਵੀ ਚੀਜ਼ ਕਿਸੇ ਸੰਘੀ, ਰਾਜ, ਕਬੀਲੇ, ਜਾਂ ਸਥਾਨਕ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਜਾਂ ਅਪਰਾਧਿਕ ਜਾਂਚ, ਮੁਕੱਦਮਾ, ਜਾਂ ਨਿਰਣਾਇਕ ਗਤੀਵਿਧੀਆਂ ਕਰਨ ਵਾਲੀ ਕਿਸੇ ਹੋਰ ਸੰਸਥਾ ਲਈ ਮੁਕੱਦਮਾ ਚਲਾਉਣ ਲਈ ਫੰਡਾਂ ਦੀ ਵਰਤੋਂ ਦੀ ਲੋੜ ਨੂੰ ਸੀਮਿਤ ਨਹੀਂ ਕਰੇਗੀ। (ਸੈਕਸ਼ਨ 520)

10. <u>ਏ.ਸੀ.ਓ.ਆਰ.ਐੱਨ.ਏ (ACORN) ਜਾਂ ਇਸ ਦੀਆਂ ਸਹਾਇਕ ਜਾਂ ਸਹਿਯੋਗੀ ਕੰਪਨੀਆਂ</u>
ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਵਿਚੋਂ ਕਿਸੇ ਨੂੰ ਵੀ ਐਸੋਸੀਏਸ਼ਨ ਆਫ਼ ਕਮਿਊਨਿਟੀ ਔਰਗੇਨਾਈਜ਼ੇਸ਼ੰਜ਼ ਫੌਰ ਰਿਫੌਰਮ ਨਾਓ (Association of Community Organizations for Reform Now, ACORN), ਜਾਂ ਇਸ ਦੇ ਕਿਸੇ ਵੀ ਸਹਿਯੋਗੀ, ਸਹਾਇਕ, ਸਾਥੀ ਸੰਗਠਨਾਂ, ਜਾਂ ਉੱਤਰਾਧਿਕਾਰੀਆਂ ਨੂੰ ਪ੍ਰਦਾਨ ਨਹੀਂ ਕੀਤਾ ਜਾ ਸਕਦਾ ਹੈ। (ਸੈਕਸ਼ਨ 521)

11. <u>ਸੂਈ ਦੀ ਅਦਲਾ-ਬਦਲੀ</u>
ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਵਿਚੋਂ ਕਿਸੇ ਵੀ ਨੂੰ ਕਿਸੇ ਵੀ ਗੈਰ ਕਾਨੂੰਨੀ ਦਵਾਈ ਦੇ ਹਾਈਪੋਡ੍ਰਮਿਕ ਟੀਕੇ ਲਈ ਨਿਰਜੀਵ ਸੂਈਆਂ ਜਾਂ ਸਰਿੰਜਾਂ ਖਰੀਦਣ ਲਈ ਨਹੀਂ ਵਰਤਿਆ ਜਾਏਗਾ: *ਬਸ਼ਰਤੇ*, ਅਜਿਹੀਆਂ ਸੀਮਾਵਾਂ ਅਜਿਹੀਆਂ ਖਰੀਦਾਂ ਤੋਂ ਇਲਾਵਾ ਕਿਸੇ ਪ੍ਰੋਗਰਾਮ ਦੇ ਤੱਤਾਂ ਲਈ ਫੰਡਾਂ ਦੀ ਵਰਤੋਂ ਉੱਤੇ ਲਾਗੂ ਨਹੀਂ ਹੁੰਦੀਆਂ ਜੇਕਰ ਸੰਬੰਧਿਤ ਰਾਜ ਜਾਂ ਸਥਾਨਕ ਸਿਹਤ ਵਿਭਾਗ, ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਦੀ ਸਲਾਹ ਨਾਲ ਇਹ ਨਿਰਧਾਰਤ ਕਰਦਾ ਹੈ ਕਿ ਰਾਜ ਜਾਂ ਸਥਾਨਕ ਅਧਿਕਾਰ ਖੇਤਰ , ਜਿਵੇਂ ਕਿ ਲਾਗੂ ਹੁੰਦਾ ਹੈ, ਟੀਕੇ ਦੀ ਦਵਾਈ ਦੀ ਵਰਤੋਂ ਕਾਰਨ ਰਾਜ ਨੂੰ ਹੈਪੇਟਾਈਟਸ ਦੀ ਲਾਗ ਜਾਂ ਐਚਆਈਵੀ ਫੈਲਣ ਵਿੱਚ ਮਹੱਤਵਪੂਰਨ ਵਾਧੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਾਂ ਇਹ ਇਸਦੇ ਖਤਰੇ ਅਧੀਨ ਹੈ, ਅਤੇ ਅਜਿਹਾ ਪ੍ਰੋਗਰਾਮ ਰਾਜ ਅਤੇ ਸਥਾਨਕ ਕਾਨੂੰਨ ਦੇ ਅਨੁਸਾਰ ਕੰਮ ਕਰ ਰਿਹਾ ਹੈ। (ਸੈਕਸ਼ਨ 527)

**<u>ਸਰਕਾਰ-ਵਿਆਪਕ ਸਧਾਰਣ ਵਿਵਸਥਾਵਾਂ</u>**

**(PL 116-93, 20 ਦਸੰਬਰ, 2019, 133 ਸਟੈਟ 2317 - ਡਿਵੀਜ਼ਨ C, ਸਿਰਲੇਖ VII)**

12. <u>ਪ੍ਰਚਾਰ</u>
ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਵਿਚੋਂ ਕਿਸੇ ਨੂੰ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ ਉਪ-ਠੇਕੇਦਾਰਾਂ ਦੁਆਰਾ ਯੂਨਾਈਟਿਡ ਸਟੇਟਸ ਵਿੱਚ ਪ੍ਰਕਾਸ਼ਨ ਜਾਂ ਪ੍ਰਚਾਰ ਦੇ ਅਜਿਹੇ ਉਦੇਸ਼ਾਂ ਲਈ ਇਸਤੇਮਾਲ ਨਹੀਂ ਕੀਤਾ ਜਾਏਗਾ ਜੋ ਇਸ ਤੋਂ ਪਹਿਲਾਂ ਕਾਂਗਰਸ ਦੁਆਰਾ ਅਧਿਕਾਰਤ ਨਹੀਂ ਹਨ। (ਸੈਕਸ਼ਨ 718)

13. <u>ਗੁਪਤਤਾ ਦਾ ਐਕਟ</u>
ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਵਿਚੋਂ ਕਿਸੇ ਨੂੰ ਵੀ ਸਿਰਲੇਖ 5 ਦੇ ਸੈਕਸ਼ਨ 552a, ਯੂਨਾਈਟਿਡ ਸਟੇਟਸ ਕੋਡ (ਜਿਸ ਨੂੰ ਮਸ਼ਹੂਰ ਪ੍ਰਾਈਵੇਸੀ ਐਕਟ ਵਜੋਂ ਜਾਣਿਆ ਜਾਂਦਾ ਹੈ) ਦੀ ਉਲੰਘਣਾ ਕਰਨ ਅਤੇ ਇਸ ਸੈਕਸ਼ਨ ਨੂੰ ਲਾਗੂ ਕਰਨ ਵਾਲੇ ਨਿਯਮਾਂ ਲਈ ਨਹੀਂ ਵਰਤਿਆ ਜਾ ਸਕਦਾ। (ਸੈਕਸ਼ਨ 732)

14. ਗੁਪਤਤਾ ਦੇ ਸਮਝੌਤੇ

(a) ਠੇਕੇਦਾਰ ਸਹਿਮਤ ਹੈ ਕਿ ਇਸ ਨੂੰ ਕਰਮਚਾਰੀਆਂ ਜਾਂ ਉਪ-ਠੇਕੇਦਾਰਾਂ ਦੁਆਰਾ ਧੋਖਾਧੜੀ, ਬਰਬਾਦੀ, ਜਾਂ ਦੁਰਵਰਤੋਂ ਦੀ ਰਿਪੋਰਟ ਕਰਨ ਦੇ ਸੰਬੰਧ ਵਿੱਚ ਅੰਦਰੂਨੀ ਗੁਪਤਤਾ ਦੇ ਅਜਿਹੇ ਸਮਝੌਤਿਆਂ ਜਾਂ ਬਿਆਨਾਂ ਉੱਤੇ ਦਸਤਖਤ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ ਜੋ ਅਜਿਹੇ ਕਰਮਚਾਰੀਆਂ ਜਾਂ ਉਪ-ਠੇਕੇਦਾਰਾਂ ਨੂੰ ਅਜਿਹੀ ਜਾਣਕਾਰੀ ਪ੍ਰਾਪਤ ਕਰਨ ਲਈ ਅਧਿਕਾਰਤ ਕਿਸੇ ਫੈਡਰਲ ਵਿਭਾਗ ਜਾਂ ਏਜੰਸੀ ਦੇ ਨਿਯਤ ਤਫ਼ਤੀਸ਼ੀ ਜਾਂ ਕਾਨੂੰਨ ਲਾਗੂ ਕਰਨ ਵਾਲੇ ਪ੍ਰਤੀਨਿਧੀ ਕੋਲ ਕਾਨੂੰਨੀ ਤੌਰ ਤੇ ਅਜਿਹੀ ਬਰਬਾਦੀ, ਧੋਖਾਧੜੀ, ਜਾਂ ਦੁਰਵਰਤੋਂ ਨੂੰ ਕਿਸੇ ਨਿਰਧਾਰਤ ਜਾਂਚ ਦੀ ਰਿਪੋਰਟ ਕਰਨ ਤੋਂ ਰੋਕਦੇ ਹੋਣ।

(b) ਉਪ-ਧਾਰਾ (a) ਵਿਚਲੀ ਸੀਮਾ, ਸਟੈਂਡਰਡ ਫਾਰਮ 312, ਫਾਰਮ 4414, ਜਾਂ ਕਿਸੇ ਹੋਰ ਸੰਘੀ ਵਿਭਾਗ ਜਾਂ ਏਜੰਸੀ ਦੁਆਰਾ ਜਾਰੀ ਕੀਤੇ ਕਿਸੇ ਵੀ ਹੋਰ ਫਾਰਮ ਉੱਤੇ ਲਾਗੂ ਜ਼ਰੂਰਤਾਂ ਦੀ ਉਲੰਘਣਾ ਨਹੀਂ ਕਰੇਗੀ। (ਸੈਕਸ਼ਨ 742)

15. ਜ਼ਖੁਲਾਸਾ ਨਾ ਕਰਨ ਦੇ ਇਕਰਾਰਨਾਮੇ

ਇਹ ਪ੍ਰਾਵਧਾਨ (1) ਵਰਗੀਕ੍ਰਿਤ ਜਾਣਕਾਰੀ, (2) ਕਾਂਗਰਸ ਨਾਲ ਸੰਚਾਰ, (3) ਕਿਸੇ ਕਾਨੂੰਨ, ਨਿਯਮ, ਜਾਂ ਨਿਯਮ ਦੀ ਉਲੰਘਣਾ, ਜਾਂ ਦੁਰਵਰਤੋਂ, ਫੰਡਾਂ ਦੀ ਵੱਡੀ ਬਰਬਾਦੀ, ਅਧਿਕਾਰਾਂ ਦੀ ਦੁਰਵਰਤੋਂ, ਜਾਂ ਜਨਤਕ ਸਿਹਤ ਜਾਂ ਸੁਰੱਖਿਆ ਲਈ ਇੱਕ ਮਹੱਤਵਪੂਰਣ ਅਤੇ ਖਾਸ ਖਤਰੇ ਦੀ ਇੰਸਪੈਕਟਰ ਜਨਰਲ ਨੂੰ ਰਿਪੋਰਟ ਕਰਨ, ਜਾਂ (4) ਕੋਈ ਹੋਰ ਮੁਖਬਿਰ ਦੀ ਰੱਖਿਆ ਨਾਲ ਸੰਬੰਧਿਤ ਮੌਜੂਦਾ ਕਾਨੂੰਨੀ ਜਾਂ ਕਾਰਜਕਾਰੀ ਆਦੇਸ਼ ਦੁਆਰਾ ਨਿਰਧਾਰਿਤ ਕੀਤੀਆਂ ਕਰਮਚਾਰੀਆਂ ਦੀਆਂ ਜ਼ਿੰਮੇਵਾਰੀਆਂ, ਅਧਿਕਾਰਾਂ, ਜਾਂ ਜ਼ਿੰਮੇਵਾਰੀਆਂ ਦੇ ਇਕਸਾਰ ਹਨ ਅਤੇ ਇਹ ਇਨ੍ਹਾਂ ਨੂੰ ਨਹੀਂ ਬਦਲਦੇ, ਇਨ੍ਹਾਂ ਦਾ ਵਿਰੋਧ ਨਹੀਂ ਕਰਦੇ, ਜਾਂ ਇਨ੍ਹਾਂ ਵਿੱਚ ਕਿਸੇ ਵੀ ਤਰ੍ਹਾਂ ਦਾ ਬਦਲਾਵ ਨਹੀਂ ਕਰਦੇ। ਕਾਰਜਕਾਰੀ ਆਦੇਸ਼ਾਂ ਅਤੇ ਕਾਨੂੰਨੀ ਵਿਵਸਥਾਵਾਂ ਨੂੰ ਨਿਯੰਤਰਿਤ ਕਰਕੇ ਤਿਆਰ ਕੀਤੀਆਂ ਗਈਆਂ ਪਰਿਭਾਸ਼ਾਵਾਂ, ਜ਼ਰੂਰਤਾਂ, ਜ਼ਿੰਮੇਵਾਰੀਆਂ, ਅਧਿਕਾਰ, ਮਨਜ਼ੂਰੀਆਂ ਅਤੇ ਦੇਣਦਾਰੀਆਂ ਇਸ ਸਮਝੌਤੇ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਨਿਰੋਧਕ ਹਨ। (ਸੈਕਸ਼ਨ 743)

16. ਨਾਭੁਗਤਾਨ-ਕੀਤੀ ਸੰਘੀ ਟੈਕਸ ਦੀ ਦੇਣਦਾਰੀ

ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਦੀ ਮੁਲਾਂਕਣ ਕੀਤੀ ਗਈ ਕੋਈ ਨਾਭੁਗਤਾਨ-ਕੀਤੀ ਸੰਘੀ ਟੈਕਸ ਦੇਣਦਾਰੀ ਨਹੀਂ ਹੈ, ਜਿਸ ਦੇ ਲਈ ਸਾਰੇ ਨਿਆਂਇਕ ਅਤੇ ਪ੍ਰਸ਼ਾਸਨਿਕ ਉਪਚਾਰ ਪੂਰੇ ਹੋ ਗਏ ਹਨ ਜਾਂ ਖ਼ਤਮ ਹੋ ਗਏ ਹਨ, ਅਤੇ ਜਿਸ ਨੂੰ ਟੈਕਸ ਦੇਣਦਾਰੀ ਇਕੱਤਰ ਕਰਨ ਲਈ ਜ਼ਿੰਮੇਵਾਰ ਅਥਾਰਟੀ ਨਾਲ ਇੱਕ ਸਮਝੌਤੇ ਦੇ ਅਨੁਸਾਰ ਸਮੇਂ ਸਿਰ ਅਦਾ ਨਹੀਂ ਕੀਤਾ ਜਾ ਰਿਹਾ ਹੈ, ਜਦੋਂ ਤੱਕ ਕੋਈ ਸੰਘੀ ਏਜੰਸੀ ਠੇਕੇਦਾਰ ਦੀ ਮੁਅੱਤਲੀ ਜਾਂ ਉਸ ਨੂੰ ਅਹੁਦੇ ਤੋਂ ਹਟਾਉਣ ਉੱਤੇ ਵਿਚਾਰ ਨਹੀਂ ਕਰਦੀ ਅਤੇ ਇਹ ਫੈਸਲਾ ਨਹੀਂ ਲੈਂਦੀ ਕਿ ਇਹ ਅਗਲੀ ਕਾਰਵਾਈ ਸਰਕਾਰ ਦੇ ਹਿੱਤਾਂ ਦੀ ਰੱਖਿਆ ਲਈ ਜ਼ਰੂਰੀ ਨਹੀਂ ਹੈ।

ਠੇਕੇਦਾਰ ਸਹਿਮਤ ਹੈ ਕਿ ਉਹ ਕਿਸੇ ਵੀ ਅਜਿਹੀ ਕਾਰਪੋਰੇਸ਼ਨ ਨਾਲ ਉਪ-ਇਕਰਾਰਨਾਮਾ ਨਹੀਂ ਕਰੇਗਾ ਜਿਸ ਦੀ ਮੁਲਾਂਕਣ ਕੀਤੀ ਗਈ ਕੋਈ ਨਾਭੁਗਤਾਨ-ਕੀਤੀ ਸੰਘੀ ਟੈਕਸ ਦੇਣਦਾਰੀ ਹੈ, ਜਿਸ ਦੇ ਲਈ ਸਾਰੇ ਨਿਆਂਇਕ ਅਤੇ ਪ੍ਰਸ਼ਾਸਨਿਕ ਉਪਚਾਰ ਪੂਰੇ ਹੋ ਗਏ ਹਨ ਜਾਂ ਖ਼ਤਮ ਹੋ ਗਏ ਹਨ, ਅਤੇ ਜਿਸ ਨੂੰ ਟੈਕਸ ਦੇਣਦਾਰੀ ਇਕੱਤਰ ਕਰਨ ਲਈ ਜ਼ਿੰਮੇਵਾਰ ਅਥਾਰਟੀ ਨਾਲ ਇੱਕ ਸਮਝੌਤੇ ਦੇ ਅਨੁਸਾਰ ਸਮੇਂ ਸਿਰ ਅਦਾ ਨਹੀਂ ਕੀਤਾ ਜਾ ਰਿਹਾ ਹੈ, ਜਦੋਂ ਤੱਕ ਕੋਈ ਸੰਘੀ ਏਜੰਸੀ ਠੇਕੇਦਾਰ ਦੀ ਮੁਅੱਤਲੀ ਜਾਂ ਉਸ ਨੂੰ ਅਹੁਦੇ ਤੋਂ ਹਟਾਉਣ ਉੱਤੇ ਵਿਚਾਰ ਨਹੀਂ ਕਰਦੀ ਅਤੇ ਇਹ ਫੈਸਲਾ ਨਹੀਂ ਲੈਂਦੀ ਕਿ ਇਹ ਅਗਲੀ ਕਾਰਵਾਈ ਸਰਕਾਰ ਦੇ ਹਿੱਤਾਂ ਦੀ ਰੱਖਿਆ ਲਈ ਜ਼ਰੂਰੀ ਨਹੀਂ ਹੈ। (ਸੈਕਸ਼ਨ 744)

17. ਸੰਗੀਨ ਅਪਰਾਧ ਦੀ ਸੀਮਾ

ਠੇਕੇਦਾਰ ਸਹਿਮਤ ਹੈ ਕਿ ਇਸ ਨੂੰ ਪਿਛਲੇ 24 ਮਹੀਨਿਆਂ ਦੇ ਅੰਦਰ ਕਿਸੇ ਸੰਘੀ ਕਾਨੂੰਨ ਦੇ ਤਹਿਤ ਸੰਗੀਨ ਅਪਰਾਧਿਕ ਉਲੰਘਣਾ ਦਾ ਦੋਸ਼ੀ ਨਹੀਂ ਠਹਿਰਾਇਆ ਗਿਆ, ਜਦ ਤੱਕ ਕਿ ਕੋਈ ਸੰਘੀ ਏਜੰਸੀ ਕਾਰਪੋਰੇਸ਼ਨ ਨੂੰ ਮੁਅੱਤਲ ਕਰਨ ਜਾਂ ਉਸ ਨੂੰ ਅਹੁਦੇ ਤੋਂ ਹਟਾਉਣ ਉੱਤੇ ਵਿਚਾਰ ਨਹੀਂ ਕਰਦੀ ਅਤੇ ਇਹ ਫੈਸਲਾ ਨਹੀਂ ਲੈਂਦੀ ਕਿ ਇਹ ਅਗਲੀ ਕਾਰਵਾਈ ਸਰਕਾਰ ਦੇ ਹਿੱਤਾਂ ਦੀ ਰੱਖਿਆ ਲਈ ਜ਼ਰੂਰੀ ਨਹੀਂ ਹੈ।

ਠੇਕੇਦਾਰ ਸਹਿਮਤ ਹੈ ਕਿ ਉਹ ਕਿਸੇ ਵੀ ਅਜਿਹੀ ਕਾਰਪੋਰੇਸ਼ਨ ਨਾਲ ਉਪ-ਇਕਰਾਰਨਾਮਾ ਨਹੀਂ ਕਰੇਗਾ ਜਿਸ ਨੂੰ ਪਿਛਲੇ 24 ਮਹੀਨਿਆਂ ਦੇ ਅੰਦਰ ਕਿਸੇ ਸੰਘੀ ਕਾਨੂੰਨ ਦੇ ਤਹਿਤ ਸੰਗੀਨ ਅਪਰਾਧਿਕ ਉਲੰਘਣਾ ਦਾ ਦੋਸ਼ੀ ਠਹਿਰਾਇਆ ਗਿਆ ਸੀ, ਜਦ ਤੱਕ ਕਿ ਕੋਈ ਸੰਘੀ ਏਜੰਸੀ ਕਾਰਪੋਰੇਸ਼ਨ ਨੂੰ ਮੁਅੱਤਲ ਕਰਨ ਜਾਂ ਉਸ ਨੂੰ ਅਹੁਦੇ ਤੋਂ ਹਟਾਉਣ ਉੱਤੇ ਵਿਚਾਰ ਨਹੀਂ ਕਰਦੀ ਅਤੇ ਇਹ ਫੈਸਲਾ ਨਹੀਂ ਲੈਂਦੀ ਕਿ ਇਹ ਅਗਲੀ ਕਾਰਵਾਈ ਸਰਕਾਰ ਦੇ ਹਿੱਤਾਂ ਦੀ ਰੱਖਿਆ ਲਈ ਜ਼ਰੂਰੀ ਨਹੀਂ ਹੈ। (ਸੈਕਸ਼ਨ 745)

## ਹੋਰ ਵਿਨਿਯੋਜਨ ਵਿਵਸਥਾਵਾਂ

18. ਚਿੰਪਾਂਜ਼ੀ

ਠੇਕੇਦਾਰ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਇਕਰਾਰਨਾਮੇ ਰਾਹੀਂ ਅਦਾ ਕੀਤੇ ਗਏ ਫੰਡਾਂ ਵਿਚੋਂ ਕਿਸੇ ਨੂੰ ਵੀ ਉਸ ਪ੍ਰਾਜੈਕਟ ਉੱਤੇ ਇਸਤੇਮਾਲ ਨਹੀਂ ਕੀਤਾ ਜਾਏਗਾ ਜਿਸ ਵਿੱਚ ਜੰਗਲਾਂ ਤੋਂ ਚਿੰਪਾਂਜ਼ੀਆਂ ਨੂੰ ਲਿਆਉਣਾ ਜਾਂ ਖਰੀਦਣਾ ਸ਼ਾਮਲ ਹੁੰਦਾ ਹੈ।
(42 U.S.C. 289d ਨੋਟ)

## ਹੋਰ ਕਾਨੂੰਨੀ ਵਿਵਸਥਾਵਾਂ

19. ਮਨੁੱਖੀ ਤਸਕਰੀ (ਟ੍ਰੈਫਿਕਿੰਗ ਇਨ ਪਰਸਨਸ)

ਇਹ ਇਕਰਾਰਨਾਮਾ ਸਨ 2000 ਦੇ ਟਰੈਫਿਕਿੰਗ ਪੀੜਤ ਸੁਰੱਖਿਆ ਐਕਟ ਦੀ ਧਾਰਾ 106 (g) ਦੀਆਂ ਸ਼ਰਤਾਂ ਦੇ ਅਧੀਨ ਹੈ, ਜਿਵੇਂ ਕਿ ਸੋਧਿਆ ਗਿਆ ਹੈ (22 U.S.C. 7104)

(a) ਠੇਕੇਦਾਰ, ਠੇਕੇਦਾਰ ਦੇ ਕਰਮਚਾਰੀ, ਅਤੇ ਕੋਈ ਵੀ ਉਪ-ਠੇਕੇਦਾਰ ਜਾਂ ਉਪ-ਠੇਕੇਦਾਰ ਦੇ ਕਰਮਚਾਰੀ ਇਹ ਨਹੀਂ ਕਰ ਸਕਦੇ:

- (1) ਇਹ ਇਕਰਾਰਨਾਮਾ ਲਾਗੂ ਹੋਣ ਦੇ ਸਮੇਂ ਦੌਰਾਨ ਮਾਨਵ ਤਸਕਰੀ ਦੀਆਂ ਗੰਭੀਰ ਕਿਸਮਾਂ ਵਿੱਚ ਸ਼ਾਮਲ ਹੋਣਾ;
- (2) ਇਸ ਇਕਰਾਰਨਾਮੇ ਦੇ ਲਾਗੂ ਹੋਣ ਦੀ ਮਿਆਦ ਦੌਰਾਨ ਕੋਈ ਵਪਾਰਕ ਸੈਕਸ ਐਕਟ ਪ੍ਰਾਪਤ ਕਰਨਾ; ਜਾਂ
- (3) ਇਸ ਇਕਰਾਰਨਾਮੇ ਜਾਂ ਉਪ-ਇਕਰਾਰਨਾਮਿਆਂ ਦੀ ਕਾਰਗੁਜ਼ਾਰੀ ਲਈ ਜਬਰੀ ਮਜ਼ਦੂਰੀ ਦੀ ਵਰਤੋਂ ਕਰਨਾ।

(b) ਪੈਰ੍ਹਾ (a) ਦੀਆਂ ਮਨਾਹੀਆਂ ਦੀ ਉਲੰਘਣਾ ਵਿੱਚ ਸ਼ਾਮਲ ਹਨ -

- (1) ਜਿਨ੍ਹਾਂ ਨੂੰ ਠੇਕੇਦਾਰ ਦੁਆਰਾ ਕੀਤਾ ਜਾਂਦਾ ਹੈ; ਜਾਂ
- (2) ਉਹ ਜਿਨ੍ਹਾਂ ਨੂੰ ਠੇਕੇਦਾਰ ਦੇ ਕਰਮਚਾਰੀ ਜਾਂ ਇੱਕ ਉਪ-ਠੇਕੇਦਾਰ ਦੁਆਰਾ ਅਜਿਹੇ ਢੰਗ ਨਾਲ ਕੀਤਾ ਜਾਂਦਾ ਹੈ ਜੋ ਕਿ ਜਾਂ ਤਾਂ -
  - i. ਇਸ ਇਕਰਾਰਨਾਮੇ ਦੀ ਕਾਰਗੁਜ਼ਾਰੀ ਨਾਲ ਜੁੜੇ ਹੋਣ; ਜਾਂ
  - ii. ਕਿਸੇ ਸੰਗਠਨ ਦੇ ਨਾਲ ਕਿਸੇ ਵਿਅਕਤੀ ਦੇ ਚਾਲ-ਚਲਣ ਨੂੰ ਪ੍ਰਭਾਵਿਤ ਕਰਨ ਲਈ ਮਾਪਦੰਡਾਂ ਅਤੇ ਸਹੀ ਪ੍ਰਕਿਰਿਆ ਦੀ ਵਰਤੋਂ ਕਰਦਿਆਂ ਠੇਕੇਦਾਰ ਜਾਂ ਉਪ-ਇਕਰਾਰਨਾਮੇ ਨੂੰ ਪ੍ਰਭਾਵਤ ਕੀਤਾ ਗਿਆ ਹੋਵੇਜਿਸ ਨੂੰ 2 CFR ਭਾਗ 180,

"ਗਵਰਨਮੈਂਟ ਵਾਈਡ ਡੀਬਰਮੈਂਟ ਐਂਡ ਸਸਪੈਂਸ਼ਨ (ਨਾਨ-ਪ੍ਰਕਿਓਰਮੈਂਟ(ਗੈਰ-ਵਸੂਲੀ)) ਸੰਬੰਧੀ ਏਜੰਸੀਆਂ ਲਈ OMB ਦਿਸ਼ਾ-ਨਿਰਦੇਸ਼ਾਂ" ਵਿੱਚ ਦੱਸਿਆ ਗਿਆ ਹੈ, ਜਿਵੇਂ ਸਾਡੀ ਏਜੰਸੀ ਦੁਆਰਾ 2 CFR ਭਾਗ 376 ਵਿੱਚ ਲਾਗੂ ਕੀਤਾ ਗਿਆ ਹੈ।

(c) ਠੇਕੇਦਾਰ ਨੂੰ ਪੈਰ੍ਹਾ (a) ਦੀ ਉਲੰਘਣਾ ਦਾ ਦੋਸ਼ ਲਗਾਉਂਦੇ ਹੋਏ ਕਿਸੇ ਵੀ ਸਰੋਤ ਤੋਂ ਪ੍ਰਾਪਤ ਹੋਈ ਕਿਸੇ ਵੀ ਜਾਣਕਾਰੀ ਬਾਰੇ ਤੁਰੰਤ ਕਿੰਗ ਕਾਉਂਟੀ ਨੂੰ ਸੂਚਿਤ ਕਰਨਾ ਚਾਹੀਦਾ ਹੈ।

(d) ਪਰਿਭਾਸ਼ਾਵਾਂ। ਇਸ ਇਕਰਾਰਨਾਮੇ ਦੇ ਉਦੇਸ਼ਾਂ ਲਈ:

(1) "ਕਰਮਚਾਰੀ" ਦਾ ਮਤਲਬ ਹੈ:

i. ਤੁਹਾਡੇ ਦੁਆਰਾ ਨਿਯੁਕਤ ਕੀਤਾ ਇੱਕ ਵਿਅਕਤੀ ਜਾਂ ਇੱਕ ਉਪ-ਪ੍ਰਾਪਤਕਰਤਾ ਜੋ ਇਸ ਅਵਾਰਡ ਅਧੀਨ ਪ੍ਰੋਜੈਕਟ ਜਾਂ ਪ੍ਰੋਗਰਾਮ ਦੀ ਕਾਰਗੁਜ਼ਾਰੀ ਵਿੱਚ ਲੱਗਾ ਹੋਇਆ ਹੈ; ਜਾਂ

ii. ਇਸ ਅਵਾਰਡ ਅਧੀਨ ਪ੍ਰੋਜੈਕਟ ਜਾਂ ਪ੍ਰੋਗਰਾਮ ਦੀ ਕਾਰਗੁਜ਼ਾਰੀ ਵਿੱਚ ਲੱਗਾ ਕੋਈ ਹੋਰ ਵਿਅਕਤੀ ਅਤੇ ਜਿਸਨੂੰ ਤੁਹਾਡੇ ਦੁਆਰਾ ਮੁਆਵਜ਼ਾ ਨਹੀਂ ਦਿੱਤਾ ਗਿਆ ਜਿਸ ਵਿੱਚ ਕੋਈ ਸਵੈਇੱਛੁਕ ਜਾਂ ਅਜਿਹਾ ਵਿਅਕਤੀ ਸ਼ਾਮਿਲ ਹੈ ਜਿਸ ਦੀਆਂ ਸੇਵਾਵਾਂ ਲਈ ਕਿਸੇ ਤੀਜੀ ਧਿਰ ਦੁਆਰਾ ਖਰਚੇ ਦੀ ਵੰਡ ਜਾਂ ਮੇਲ ਖਾਂਦੀਆਂ ਜ਼ਰੂਰਤਾਂ ਵਜੋਂ ਯੋਗਦਾਨ ਪਾਇਆ ਜਾਂਦਾ ਹੈ।

(2) "ਜਬਰੀ ਮਜ਼ਦੂਰੀ" ਦਾ ਮਤਲਬ ਹੇਠ ਲਿਖਿਆਂ ਵਿੱਚੋਂ ਕਿਸੇ ਵੀ ਢੰਗ ਨਾਲ ਪ੍ਰਾਪਤ ਕੀਤੀ ਗਈ ਮਜ਼ਦੂਰੀ ਹੈ: ਅਣਇੱਛਤ ਗੁਲਾਮੀ, ਮਾਲਕ-ਮਜ਼ਦੂਰ ਸੰਬੰਧ, ਕਰਜ਼ੇ ਦੇ ਬੰਧਨ ਜਾਂ ਗੁਲਾਮੀ ਦੇ ਅਧੀਨ ਹੋਣ ਦੇ ਉਦੇਸ਼ ਲਈ ਤਾਕਤ, ਧੋਖਾਧੜੀ ਜਾਂ ਜ਼ਬਰਦਸਤੀ ਦੀ ਵਰਤੋਂ ਕਰਕੇ ਮਜ਼ਦੂਰੀ ਜਾਂ ਸੇਵਾਵਾਂ ਲਈ ਕਿਸੇ ਵਿਅਕਤੀ ਨੂੰ ਭਰਤੀ ਕਰਨਾ, ਸਹਾਰਾ ਦੇਣਾ, ਤਸਕਰੀ ਕਰਨਾ, ਵੇਚਣਾ, ਜਾਂ ਕੋਲ ਰੱਖਣਾ।

(3) "ਮਨੁੱਖੀ ਤਸਕਰੀ ਦੀਆਂ ਗੰਭੀਰ ਕਿਸਮਾਂ," "ਵਪਾਰਕ ਸੈਕਸ ਐਕਟ" ਅਤੇ "ਜ਼ਬਰਦਸਤੀ" ਦੇ ਮਤਲਬ TVPA ਦੀ ਧਾਰਾ 103 ਵਿੱਚ ਦਿੱਤੇ ਗਏ ਹਨ, ਜਿਵੇਂ ਕਿ ਸੋਧਿਆ ਗਿਆ ਹੈ (22 U.S.C. 7102)। (ਸਨ 2000 ਦੇ ਤਸਕਰੀ ਤੋਂ ਪੀੜਤਾਂ ਦੀ ਸੁਰੱਖਿਆ ਦੇ ਐਕਟ ਦੀ ਧਾਰਾ 106 (g), ਜਿਵੇਂ ਕਿ ਸੋਧਿਆ ਗਿਆ ਹੈ (22 U.S.C. 7104))

20. ਮੁਖਬਿਰ ਸੁਰੱਖਿਆ

ਠੇਕੇਦਾਰ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸੈਕਸ਼ਨ 828 ਲਾਗੂ ਕਰਦੇ ਹੋਏ, 48 CFR ਸੈਕਸ਼ਨ 3.908, ਜਿਸ ਦਾ ਸਿਰਲੇਖ ਵਿੱਤੀ ਸਾਲ (FY) 2013 ਲਈ ਨੈਸ਼ਨਲ ਡਿਫੈਂਸ ਆਥੋਰਾਇਜ਼ੇਸ਼ਨ ਐਕਟ (National Defense Authorization Act, NDAA) ਦਾ "ਪਾਇਲਟ ਪ੍ਰੋਗਰਾਮ ਫਾਰ ਏਨਹੈਂਸਮੈਂਟ ਆਫ ਕੰਟ੍ਰੈਕਟਰ ਇਮਪਲਾਈ ਵ੍ਹਿਸਲਬਲੋਅਰ ਪ੍ਰੋਟੈਕਸ਼ੰਜ਼" ਹੈ (ਪਬ. L. 112-239, 2 ਜਨਵਰੀ, 2013 ਨੂੰ ਲਾਗੂ ਕੀਤਾ ਗਿਆ) ਇਸ ਇਕਰਾਰਨਾਮੇ ਤੇ ਲਾਗੂ ਹੁੰਦਾ ਹੈ।

21. ਮਨੁੱਖੀ ਵਿਸ਼ਿਆਂ ਦੀ ਸੁਰੱਖਿਆ

ਜੇ ਇਸ ਇਕਰਾਰਨਾਮੇ ਅਧੀਨ ਕਿਸੇ ਵੀ ਗਤੀਵਿਧੀ ਵਿੱਚ ਮਨੁੱਖੀ ਵਿਸ਼ਿਆਂ ਨੂੰ ਕਿਸੇ ਖੋਜ ਕਾਰਜਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਤਾਂ ਠੇਕੇਦਾਰ ਨੂੰ ਉਨ੍ਹਾਂ ਖੋਜ ਅੰਸ਼ਾਂ ਨੂੰ ਲਾਗੂ ਕਰਨ ਤੋਂ ਪਹਿਲਾਂ HHS/OASH ਔਫਿਸ ਔਫ ਹਿਊਮਨ ਰਿਸਰਚ ਪ੍ਰੋਟੈਕਸ਼ਨ ( Office of Human Research Protection, OHRP) ਦੀ ਭਾਗੀਦਾਰ ਸੁਰੱਖਿਆ ਜ਼ਰੂਰਤ ਦੇ ਅਨੁਕੂਲ ਹੋਣ ਦਾ ਤਸੱਲੀਬਖਸ਼ ਭਰੋਸਾ ਪ੍ਰਦਾਨ ਕਰਨਾ ਚਾਹੀਦਾ ਹੈ। ਇਹ ਭਰੋਸਾ ਉਚਿਤ ਨਿਯਮਾਂ ਦੇ ਅਨੁਸਾਰ OHRP ਕੋਲ ਜਮ੍ਹਾ ਕੀਤਾ ਜਾਣਾ ਚਾਹੀਦਾ ਹੈ।

22. <u>ਧੋਖਾਧੜੀ, ਦੁਰਵਿਹਾਰ ਅਤੇ ਬਰਬਾਦੀ</u>

HHS ਇੰਸਪੈਕਟਰ ਜਨਰਲ ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਵਿਭਾਗ (Department of Health and Human Services) ਦੇ ਪ੍ਰੋਗਰਾਮਾਂ ਵਿੱਚ ਸੰਭਾਵਿਤ ਧੋਖਾਧੜੀ, ਬਰਬਾਦੀ, ਦੁਰਵਿਹਾਰ, ਅਤੇ ਦੁਰਵਰਤੋਂ ਬਾਰੇ ਸਾਰੇ ਸਰੋਤਾਂ ਤੋਂ ਸੁਝਾਅ ਅਤੇ ਸ਼ਿਕਾਇਤਾਂ ਸਵੀਕਾਰ ਕਰਦਾ ਹੈ।